
# ਹਿੱਸੇਦਾਰੀ ਦੀਆਂ ਦਰਾਂ (Participation Rates)

2020 HDSB ਸਟਾਫ਼ ਦੀ ਮਰਦਮਸ਼ੁਮਾਰੀ ਨੂੰ 10,922 ਮੁਲਾਜ਼ਮਾਂ ਵਿਚੋਂ 8,176 ਮੁਲਾਜ਼ਮਾਂ ਨੇ ਮੁਕੰਮਲ ਕੀਤਾ ਸੀ, ਜਿਸ ਵਿਚ ਉਹਨਾਂ ਨੇ 75% ਦੀ ਸਮੁੱਚੀ ਹਿੱਸੇਦਾਰੀ ਦਰ ਦੀ ਨੁਮਾਇੰਦਗੀ ਕੀਤੀ ਸੀ।

### ਮਰਦਮਸ਼ੁਮਾਰੀ ਪੂਰੀ ਕਰਨ ਵਾਲੇ HDSB ਸਟਾਫ਼ ਦੀ ਤਦਾਦ (Number of HDSB staff who completed the Census)




### ਹਿੱਸੇਦਾਰੀ ਦੀ ਫ਼ੀਸਦ (Participation percentage)




HDSB STAFF Census

# ਭਾਸ਼ਾ(ਵਾਂ)(Language(s))

## HDSB ਸਟਾਫ਼ ਦੀ ਭਾਸ਼ਾ (ਵਾਂ) ਦੀ ਵੰਡ (HDSB Staff Language(s))

ਸਟਾਫ਼ ਨੂੰ ਇਹ ਦੱਸਣ ਲਈ ਕਿਹਾ ਗਿਆ ਸੀ ਕਿ ਉਹ ਉਹਨਾਂ ਭਾਸ਼ਾਵਾਂ ਬਾਰੇ ਦੱਸਣ, ਜਿਹਨਾਂ ਵਿਚ ਉਹ ਸਹਿਜੇ ਗੱਲਬਾਤ ਕਰ ਸਕਦੇ ਹਨ। HDSB ਸਟਾਫ਼ ਵਲੋਂ ਕੁਲ 114 ਤੋਂ ਵੱਧ ਭਾਸ਼ਾਵਾਂ ਬਾਰੇ ਦਸਿਆ ਗਿਆ ਸੀ। ਸਟਾਫ਼ ਨੇ ਦਸਿਆ ਕਿ ਉਹ ਪੰਜ ਭਾਸ਼ਾਵਾਂ ਤਕ ਬੋਲਦੇ ਹਨ, ਜਿਸ ਵਿਚੋਂ 30% ਸਟਾਫ਼ ਇਕ ਤੋਂ ਵਧ ਭਾਸ਼ਾਵਾਂ ਬੋਲਣ ਵਿਚ ਸਹਿਜ ਸੀ।

ਅਕਸਰ ਸਭ ਤੋਂ ਵਧ ਚੁਣੀਆਂ ਗਈਆਂ ਭਾਸ਼ਾਵਾਂ ਸਨ: ਅੰਗ੍ਰੇਜ਼ੀ, ਅੰਗ੍ਰੇਜ਼ੀ/ਫ੍ਰੈਂਚ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਦਾ ਸੁਮੇਲ, ਇਸ ਵਿਚ ਅਮਰੀਕਨ ਸੰਕੇਤ ਭਾਸ਼ਾ ਸ਼ਾਮਿਲ ਹੈ। HDSB ਸਟਾਫ਼ ਵਲੋਂ ਬੋਲੀਆਂ ਜਾਣ ਵਾਲੀਆਂ ਵਾਧੂ ਭਾਸ਼ਾਵਾਂ ਵਿਚ ਸ਼ਾਮਿਲ ਹਨ: ਅਰਬੀ, ਇਟੈਲੀਅਨ, ਚੀਨੀ, ਪੁਰਤਗਾਲੀ, ਪਾੱਲਿਸ਼, ਸਪੇਨੀ, ਪੰਜਾਬੀ ਅਤੇ ਮੂਲ-ਨਿਵਾਸੀਆਂ ਦੀਆਂ ਭਾਸ਼ਾਵਾਂ।





HDSB ਸਟਾਫ਼ ਦੀ ਭਾਸ਼ਾ(ਵਾਂ) (HDSB Staff Language(s))

- ਅੰਗ੍ਰੇਜ਼ੀ - 5,125 ਉਤਰਦਾਤਾ (66%)
- ਬਹੁ-ਭਾਸ਼ਾਵਾਂ - 1,460 ਉਤਰਦਾਤਾ (19%)
- ਅੰਗ੍ਰੇਜ਼ੀ, ਫ੍ਰੈਂਚ - 848 ਉਤਰਦਾਤਾ (11%)
- ਵਾਧੂ ਭਾਸ਼ਾਵਾਂ, ਜੋ ਸੂਚੀਬੱਧ ਨਹੀਂ ਹਨ -97 ਉਤਰਦਾਤਾ (1%)
- ਉਰਦੂ - 57 ਉਤਰਦਾਤਾ (0.73%)
- ਅਮਰੀਕੀ ਸੰਕੇਤ ਭਾਸ਼ਾ ਦੇ ਨਾਲ ਹੀ ਵਾਧੀ ਭਾਸ਼ਾਵਾਂ - 56 ਉਤਰਦਾਤਾ (0.72%)
- ਅਰਬੀ - 37 ਉਤਰਦਾਤਾ (0.47%)
- ਇਟੈਲੀਅਨ - 24 ਉਤਰਦਾਤਾ (0.31%)
- ਚੀਨੀ - 21 ਉਤਰਦਾਤਾ (0.27%)
- ਪੁਰਤਗਾਲੀ - 21 ਉਤਰਦਾਤਾ (0.27%)
- ਪਾੱਲਿਸ਼ - 18 ਉਤਰਦਾਤਾ (0.23%)
- ਸਰਬੀਅਨ - 18 ਉਤਰਦਾਤਾ (0.23%)
- ਸਪੇਨੀ - 18 ਉਤਰਦਾਤਾ (0.23%)
- ਪੰਜਾਬੀ - 17 ਉਤਰਦਾਤਾ (0.22%)
- ਮੂਲ-ਨਿਵਾਸੀਆਂ ਦੇ ਭਾਸ਼ਾਵਾਂ ਦੇ ਨਾਲ ਹੀ ਵਾਧੂ ਭਾਸ਼ਾਵਾਂ - 4 ਉਤਰਦਾਤਾ (0.05%)

# ਨਸਲੀ-ਮੂਲ/ਸਭਿਆਚਾਰਕ ਪਿਛੋਕੜ (Ethnicity/Cultural Background)

## HDSB ਸਟਾਫ਼ ਦਾ ਨਸਲੀ/ਸਭਿਆਚਾਰਕ ਪਿਛੋਕੜ (HDSB Staff Ethnic/Cultural

ਸਟਾਫ਼ ਨੇ ਵਿਕਲਪਾਂ ਦੀ ਸੂਚੀ ਵਿਚੋਂ ਆਪਣਾ ਨਸਲੀ/ਸਭਿਆਚਾਰਕ ਪਿਛੋਕੜ ਚੁਣਕੇ ਅਤੇ/ਜਾਂ ਖੁੱਲ੍ਹੇ ਟੈਕਸਟ ਬਾੱਕਸ ਵਿਚ ਆਪਣਾ ਨਸਲੀ-ਮੂਲ ਭਰਕੇ ਆਪਣੇ ਬਾਰੇ ਦਸਿਆ ਸੀ। 40% ਸਟਾਫ਼ ਦੇ ਮੈਂਬਰਾਂ ਨੇ ਇਕ ਤੋਂ ਵਧ ਨਸਲੀ/ਸਭਿਆਚਾਰਕ ਪਛਾਣ ਵਾਲੇ 240 ਤੋਂ ਵੱਧ ਸਮੂਹਾਂ ਬਾਰੇ ਦਸਿਆ ਸੀ। ਅਕਸਰ ਸਭ ਤੋਂ ਵਧ ਇਕੱਲੇ ਨਸਲੀ/ਸਭਿਆਚਾਰਕ ਸਮੂਹ ਕਨੇਡੀਅਨ, ਅੰਗ੍ਰੇਜ਼ੀ, ਪਾਕਿਸਤਾਨੀ, ਈਸਟ ਇੰਡੀਅਨ, ਇਟੈਲੀਅਨ, ਸਕਾੱਟਿਸ਼, ਪੁਰਤਗਾਲੀ, ਆਇਰਸ਼ ਅਤੇ ਚੀਨੀ ਸਨ।




**HDSB ਸਟਾਫ਼ ਦਾ ਨਸਲੀ-ਮੂਲ (HDSB Staff Ethnicity)**


- ਬਹੁ ਨਸਲੀ-ਮੂਲ - 2,864 ਉੱਤਰਦਾਤਾ (40%)
- ਕਨੇਡੀਅਨ - 2,569 ਉੱਤਰਦਾਤਾ (36%)
- ਵਾਧੂ ਨਸਲੀ-ਮੂਲ/ਸਭਿਆਚਾਰਕ ਪਛਾਣ, ਜੋ ਦਰਸਾਈ ਨਹੀਂ ਗਈ - 492 ਉੱਤਰਦਾਤਾ (7%)
- ਅੰਗ੍ਰੇਜ਼ੀ - 344 ਉੱਤਰਦਾਤਾ (5%)
- ਪਾਕਿਸਤਾਨੀ - 204 ਉੱਤਰਦਾਤਾ (3%)
- ਈਸਟ ਇੰਡੀਅਨ - 168 ਉੱਤਰਦਾਤਾ (2%)
- ਇਟੈਲੀਅਨ - 151 ਉੱਤਰਦਾਤਾ (2%)
- ਸਕਾੱਟਿਸ਼ - 105 ਉੱਤਰਦਾਤਾ (1%)
- ਪੁਰਤਗਾਲੀ - 82 ਉੱਤਰਦਾਤਾ (1%)
- ਆਇਰਸ਼ - 80 ਉੱਤਰਦਾਤਾ (1%)
- ਚੀਨੀ - 78 ਉੱਤਰਦਾਤਾ (1%)

# ਬੰਸ(Race)

ਸਟਾਫ਼ ਨੇ ਵਿਕਲਪਾਂ ਦੀ ਸੂਚੀ ਵਿਚੋਂ ਚੁਣਕੇ, ਨਾਲ ਹੀ ਇਕ ਤੋਂ ਵੱਧ ਨਸਲੀ ਸ਼੍ਰੇਣੀਆਂ ਦੀ ਚੋਣ ਕਰਕੇ ਅਤੇ ਖੁੱਲ੍ਹੇ ਟੈਕਸਟ ਬਾੱਕਸ ਵਿਚ ਵਾਧੂ ਵਿਕਲਪ ਭਰਕੇ ਆਪਣੀ ਨਸਲੀ ਪਛਾਣ ਬਾਰੇ ਦਸਿਆ ਸੀ। ਕੁਲ ਮਿਲਾਕੇ 110 ਪਛਾਣਾਂ ਅਤੇ ਉਹਨਾਂ ਨਾਲ ਸਬੰਧਿਤ ਸੁਮੇਲਾਂ ਦਾ ਪਤਾ ਲਾਇਆ ਗਿਆ ਸੀ। ਨਸਲੀ ਸਮੂਹ ਗੋਰੇ ਅਤੇ ਸਾਉਥ ਏਸ਼ੀਅਨ ਸਮੂਹ ਅਕਸਰ ਸਭ ਤੋਂ ਵਧ ਵਿਕਲਪਾਂ (ਸਿਲਸਿਲੇਵਾਰ 82% ਅਤੇ 6%) ਬਾਰੇ ਦਸਣ ਵਾਲੇ ਸਮੂਹ ਸਨ। ਅਕਸਰ ਦੂਜੇ ਸਭ ਤੋਂ ਵੱਡੇ ਸਮੂਹ ਈਸਟ ਏਸ਼ੀਅਨ, ਕਾਲੇ, ਮਿਡਲ ਈਸਟਰਨ, ਸਾਉਥਈਸਟ ਏਸ਼ੀਅਨ, ਲੈਟਿਨੋ/ਲੈਟਿਨਾ/ਲੈਟਿੰਕਸ, ਬਹੁ-ਨਸਲੀ ਅਤੇ ਮੂਲ-ਨਿਵਾਸੀ ਦਸੇ ਗਏ ਸਨ।

ਡਾਟਾ ਵਿਸ਼ਲੇਸ਼ਣ ਅਤੇ ਬਸਤੀਵਾਦ-ਵਿਰੋਧੀ ਨਜ਼ਰੀਏ ਤੋਂ ਬਾਅਦ ਅਸੀਂ ਇਸ ਸਮੇਂ ਜਾਂਚ ਕਰ ਰਹੇ ਹਾਂ ਕਿ ਜਵਾਬ ਦੇਣ ਵਾਲਿਆਂ ਦੀ ਗੁਮਨਾਮੀ ਦਾ ਖ਼ਿਆਲ ਰਖਦਿਆਂ ਹੋਇਆਂ, ਬਹੁ-ਨਸਲੀ ਪਛਾਣ ਸਮੂਹ ਬਾਰੇ ਸਭ ਤੋਂ ਵਧ ਸ਼ਮੂਲੀਅਤ ਵਾਲੇ ਤਰੀਕੇ ਨਾਲ ਕਿਵੇਂ ਦਸਿਆ ਜਾਏ। ਅੱਗੇ ਚਲਕੇ ਜਾਰੀ ਕੀਤੇ ਜਾਣ ਵਾਲੇ ਡਾਟਾ ਵਿਚ ਬਹੁ-ਨਸਲੀ ਪਛਾਣ ਦੀ ਵੰਡ ਬਾਰੇ ਦਸਿਆ ਜਾਏਗਾ।

## HDSB ਸਟਾਫ਼ ਦੀ ਵੰਡ (HDSB




HDSB ਸਟਾਫ਼ ਸਬੰਧੀ ਬੰਸ (HDSB Staff Race)

- ਗੋਰੇ - 6,259 ਉਤਰਦਾਤਾ (82%)
- ਸਾਉਥ ਏਸ਼ੀਅਨ - 470 ਉਤਰਦਾਤਾ (6%)
- ਈਸਟ ਏਸ਼ੀਅਨ - 196 ਉਤਰਦਾਤਾ (3%)
- ਕਾਲੇ - 162 ਉਤਰਦਾਤਾ (2%)
- ਸਾਉਥਈਸਟ ਏਸ਼ੀਅਨ - 139 ਉਤਰਦਾਤਾ (2%)
- ਮਿਡਲ ਈਸਟਰਨ - 152 ਉਤਰਦਾਤਾ (2%)
- ਬਹੁ-ਨਸਲੀ* - 181 ਉਤਰਦਾਤਾ (2%)
- ਲੈਟਿਨੋ/ਲੈਟਿਨਾ/ਲੈਟਿੰਕਸ - 63 ਉਤਰਦਾਤਾ (1%)
- ਮੂਲ ਨਿਵਾਸੀ - 22 ਉਤਰਦਾਤਾ (<0.03%)


* ਬਹੁ-ਨਸਲੀ ਸ਼੍ਰੇਣੀ ਦਾ ਵਿਸ਼ਲੇਸ਼ਣ ਜਾਰੀ ਹੈ ਅਤੇ ਅਗਲਾ ਡਾਟਾ ਜਾਰੀ ਕਰਨ ਵੇਲੇ ਇਸ ਬਾਰੇ ਦਸਿਆ ਜਾਏਗਾ।

# ਮੂਲ-ਨਿਵਾਸੀ ਸਬੰਧੀ ਪਛਾਣ (Indigenous Identity)

ਸਟਾਫ਼ ਤੋਂ ਦੋ ਸੁਆਲਾਂ ਸਬੰਧੀ ਮੂਲ-ਨਿਵਾਸੀ ਦੀ ਪਛਾਣ ਦਸਣ ਬਾਰੇ ਪੁੱਛਿਆ ਗਿਆ ਸੀ। ਇਕ ਸੁਆਲ ਕਨੇਡਾ ਦੇ ਅੰਦਰ ਮੂਲ-ਨਿਵਾਸੀ ਨਾਲ ਜੁੜਿਆ ਹੋਇਆ ਸੀ, ਜਦਕਿ ਦੂਜਾ ਸੁਆਲ ਕਨੇਡਾ ਤੋਂ ਬਾਹਰ ਦੇ ਮੂਲ-ਨਿਵਾਸੀ ਨਾਲ ਸਬੰਧਿਤ ਸੀ।HDSB ਵਿਚ 1.3% ਸਟਾਫ਼ ਦੇ ਮੈਂਬਰਾਂ ਨੇ ਕਨੇਡਾ ਦੇ ਮੂਲ-ਨਿਵਾਸੀਆਂ, ਮੈਟਿਸ, ਇਨਿਉਟ ਅਤੇ/ਜਾਂ ਤਿੰਨ ਦੇ ਸੁਮੇਲ ਵਜੋਂ ਪਛਾਣ ਕੀਤੀ ਗਈ ਸੀ।

ਕਨੇਡਾ ਤੋਂ ਬਾਹਰ ਮੂਲ-ਨਿਵਾਸੀ ਦੀ ਪਛਾਣ ਬਾਰੇ, ਕਨੇਡਾ ਤੋਂ ਬਾਹਰ ਮੂਲ-ਨਿਵਾਸੀਆਂ ਦੇ ਤੌਰ 'ਤੇ ਸਟਾਫ਼ ਵਿੱਚ 1% ਤੋਂ ਘੱਟ ਲੋਕਾਂ ਦੀ ਪਛਾਣ ਕੀਤੀ ਗਈ ਸੀ।


## ਕਨੇਡਾ ਦੇ ਅੰਦਰ ਮੂਲ-ਨਿਵਾਸੀਆਂ ਦੀ ਪਛਾਣ (Indigenous Identity Within Canada)




HDSB ਸਟਾਫ਼ ਦੀ ਮੂਲ-ਨਿਵਾਸੀਆਂ ਦੀ ਪਛਾਣ (ਕਨੇਡਾ ਦੇ ਅੰਦਰ) (HDSB Staff Indigenous Identity (Within Canada))

- ਨਹੀਂ - 7,785 ਉਤਰਦਾਤਾ (98.7%)
- ਹਾਂ, ਮੂਲ-ਨਿਵਾਸੀ - 50 ਉਤਰਦਾਤਾ (0.63%)
- ਹਾਂ, ਮੈਟਿਸ - 48 ਉਤਰਦਾਤਾ (0.61%)
- ਹਾਂ, ਇਨਿਉਟ - 4 ਉਤਰਦਾਤਾ (0.05%)
- ਹਾਂ, ਇਕ ਤੋਂ ਵੱਧ ਮੂਲ-ਨਿਵਾਸੀ - 3 ਉਤਰਦਾਤਾ (0.04%)

## ਕਨੇਡਾ ਤੋਂ ਬਾਹਰ ਮੂਲ-ਨਿਵਾਸੀਆਂ ਦੀ ਪਛਾਣ (Indigenous Identity Outside of Canada)




HDSB ਸਟਾਫ਼ ਦੀ ਮੂਲ-ਨਿਵਾਸੀਆਂ ਦੀ ਪਛਾਣ (ਕਨੇਡਾ ਤੋਂ ਬਾਹਰ) (HDSB

- ਨਹੀਂ - 7,792 ਉਤਰਦਾਤਾ (99.5%)
- ਹਾਂ - 36 ਉਤਰਦਾਤਾ (.5%)


HDSB STAFF Census

# ਧਾਰਮਿਕ/ਰੂਹਾਨੀ ਸਬੰਧ (Religion/Spiritual Affiliation(s))

ਸਟਾਫ਼ ਨੇ ਵਿਕਲਪਾਂ ਦੀ ਸੂਚੀ ਵਿਚੋਂ ਚੁਣਕੇ ਅਤੇ/ਜਾਂ ਖੁੱਲ੍ਹੇ ਟੈਕਸਟ ਬਾੱਕਸ ਵਿਚ ਆਪਣੀ ਚੋਣ ਭਰਕੇ ਆਪਣੇ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ ਬਾਰੇ ਦਸਿਆ ਸੀ। ਜ਼ਿਆਦਾਤਰ ਸਟਾਫ਼ ਨੇ (76%) ਇਕ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ, ਪਰ 16% ਸਟਾਫ਼ ਨੇ ਕੋਈ ਵੀ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ ਨਹੀਂ, ਜਦਕਿ 7% ਨੇ ਇਕ ਤੋਂ ਵਧ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧਾਂ ਬਾਰੇ ਦਸਿਆ ਸੀ।

ਸਭ ਤੋਂ ਵਧ ਚੋਣ ਵਿਚ ਇਸਾਈ (46%), ਕੋਈ ਵੀ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ ਨਹੀਂ (17%), ਰੂਹਾਨੀ ਪਰ ਧਾਰਮਿਕ ਨਹੀਂ (10%) ਅਤੇ ਇਕ ਤੋਂ ਵਧ ਧਰਮਾਂ/ਰੂਹਾਨੀ ਸਬੰਧਾਂ ਬਾਰੇ (7%) ਦਸਿਆ ਗਿਆ ਸੀ।

## ਧਾਰਮਿਕ/ਰੂਹਾਨੀ ਸਬੰਧਾਂ ਦੀ ਵੰਡ (Religion/Spiritual Affiliation(s)





**HDSB ਸਟਾਫ਼ ਦੇ ਧਾਰਮਿਕ/ਰੂਹਾਨੀ ਸਬੰਧ (HDSB Staff Religion/Spiritual**

- ਈਸਾਈ - 3,550 ਉੱਤਰਦਾਤਾ (46%)
- ਕੋਈ ਧਾਰਮਿਕ ਜਾਂ ਰੂਹਾਨੀ ਸਬੰਧ ਨਹੀਂ - 1,275 ਉੱਤਰਦਾਤਾ (17%)
- ਰੂਹਾਨੀ ਪਰ ਧਾਰਮਿਕ ਨਹੀਂ - 784 ਉੱਤਰਦਾਤਾ (10%)
- ਬਹੁ ਧਾਰਮਿਕ/ਰੂਹਾਨੀ ਸਬੰਧ - 525 ਉੱਤਰਦਾਤਾ (7%)
- ਮੁਸਲਮਾਨ - 381 ਉੱਤਰਦਾਤਾ (5%)
- ਐਗਨੋਸਟਿਕ - 389 ਉੱਤਰਦਾਤਾ (5%)
- ਨਾਸਤਿਕ - 395 ਉੱਤਰਦਾਤਾ (5%)
- ਹਿੰਦੂ - 136 ਉੱਤਰਦਾਤਾ (2%)
- ਧਾਰਮਿਕ ਜਾਂ ਰੂਹਾਨੀ ਸਬੰਧ, ਜੋ ਉੱਪਰ ਸੂਚੀਬੱਧ ਨਹੀਂ ਹਨ (ਕਿਰਪਾ ਕਰਕੇ ਦਸੋ): 37 ਉੱਤਰਦਾਤਾ (1%)
- ਸਿਖ - 108 ਉੱਤਰਦਾਤਾ (1%)
- ਯਹੂਦੀ - 39 ਉੱਤਰਦਾਤਾ (1%)
- ਬੋਧੀ - 39 ਉੱਤਰਦਾਤਾ (1%)
- ਮੂਲ-ਨਿਵਾਸੀਆਂ ਦੀ ਰੂਹਾਨੀਅਤ - 13 ਉੱਤਰਦਾਤਾ (0.2%)

# ਲਿੰਗ-ਪਛਾਣ(Gender Identity)

HDSB ਵਿਚ ਸਟਾਫ਼ ਦੇ 81% ਮੈਂਬਰਾਂ ਦੀ ਔਰਤ ਵਜੋਂ ਪਛਾਣ ਕੀਤੀ ਗਈ ਹੈ, ਸਟਾਫ਼ ਦੇ 18% ਮੈਂਬਰ ਮਰਦ ਹਨ ਅਤੇ 1% ਸਟਾਫ਼ ਦੀ ਪਛਾਣ ਵੰਨ-ਸੁਵੰਨੇ ਵਜੋਂ ਹੋਈ ਹੈ, ਜਿਸ ਵਿਚ ਵਾਧੂ ਅਤੇ ਇਕ ਤੋਂ ਵੱਧ ਲਿੰਗ ਪਛਾਣ ਸ਼ਾਮਿਲ ਹਨ।

## HDSB ਸਟਾਫ਼ ਦੀ ਲਿੰਗ-ਪਛਾਣ ਸਬੰਧੀ ਵੰਡ (HDSB Staff Gender Identity Breakdown)





### HDSB ਸਟਾਫ਼ ਦੀ ਲਿੰਗ ਪਛਾਣ (HDSB Staff Gender Identity)

- ਔਰਤ - 6,269 ਉਤਰਦਾਤਾ (81%)
- ਮਰਦ - 1,389 ਉਤਰਦਾਤਾ (18%)
- ਲਿੰਗ ਵੰਨ-ਸੁਵੰਨਤਾ - 59 ਉਤਰਦਾਤਾ (1%)

# ਜਿਨਸੀ ਰੁਝਾਨ (Sexual Orientation)

ਸਟਾਫ਼ ਨੇ ਵਿਕਲਪਾਂ ਦੀ ਸੂਚੀ ਵਿਚੋਂ ਚੋਣ ਕਰਕੇ ਅਤੇ/ਜਾਂ ਖੁੱਲ੍ਹੇ ਟੈਕਸਟ ਬਾੱਕਸ ਵਿਚ ਆਪਣੀ ਚੋਣ ਭਰਕੇ ਆਪਣੇ ਜਿਨਸੀ ਰੁਝਾਨ (ਰੁਝਾਨਾਂ) ਬਾਰੇ ਦਸਿਆ ਸੀ। ਜ਼ਿਆਦਾਤਰ ਸਟਾਫ਼ ਦੀ ਸਟ੍ਰੇਟ/ਹੈਟਰੋਸੈਕਸੁਅਲ (93%) ਦੇ ਤੌਰ 'ਤੇ ਪਛਾਣ ਕੀਤੀ ਗੀ ਸੀ, ਜਦਕਿ 7% ਦੀ ਪਛਾਣ ਹੇਠਾਂ ਦਿਤਿਆਂ ਵਿਚੋਂ ਇਕ ਅਤੇ/ਜਾਂ ਸੁਮੇਲ ਵਜੋਂ ਪਛਾਣ ਕੀਤੀ ਗਈ ਸੀ: ਲੈਸਬੀਅਨ, ਗੇਅ, ਬਾਇਸੈਕਸੁਅਲ, ਟੂ-ਸਪਿਰਿਟ, ਕੁਇਰ, ਕੋਸ਼ਚਨਿੰਗ, ਅਸੈਕਸੁਅਲ, ਪੈਨਸੈਕਸੁਅਲ ਅਤੇ/ਜਾਂ ਵਾਧੂ ਜਿਨਸੀ ਰੁਝਾਨ, ਜਿਹਨਾਂ ਬਾਰੇ ਨਹੀਂ ਦਸਿਆ ਗਿਆ (ਜਿਨਸੀ ਵੰਨ-ਸੁਵੰਨਤਾ)।

## HDSB ਸਟਾਫ਼ ਦੇ ਜਿਨਸੀ ਰੁਝਾਨ ਦੀ ਵੰਡ (HDSB Staff Sexual Orientation(s) Breakdown)




HDSB STAFF Census

# ਅਪੰਗਤਾ(Disability)

HDSB ਵਿਚ 7% ਮੁਲਾਜ਼ਮ ਆਪਣੇ ਆਪ ਨੂੰ ਅਪੰਗ ਦਸਦੇ ਹਨ, ਇਹਨਾਂ ਵਿਚੋਂ ਲਗਭਗ 47% ਨੂੰ ਇਕ ਤੋਂ ਵਧ ਅਪੰਗਤਾਵਾਂ ਹੋਣ ਵਜੋਂ ਪਛਾਣਿਆ ਗਿਆ ਸੀ। ਮਾਨਸਿਕ ਸਿਹਤ ਸਬੰਧੀ ਅਪੰਗਤਾਵਾਂ (18%), ਸਿਖਣ ਸਬੰਧੀ ਅਸਮਰੱਥਾਵਾਂ (13%) ਅਤੇ ਸਰੀਰਕ ਅਪੰਗਤਾਵਾਂ (6%) ਨੂੰ ਸਭ ਤੋਂ ਵਧ ਇਕੱਲੀਆਂ ਸ਼੍ਰੇਣੀਆਂ ਵਜੋਂ ਦਰਜਾ ਦਿਤਾ ਗਿਆ ਸੀ। ਇਸ ਗੱਲ ਦਾ ਜ਼ਿਕਰ ਕੀਤਾ ਜਾਣਾ ਜ਼ਰੂਰੀ ਹੈ ਕਿ ਸਟਾਫ਼ ਵਲੋਂ ਹਰ ਤਰ੍ਹਾਂ ਦੀਆਂ ਕਿਸਮਾਂ ਬਾਰੇ ਦਸਿਆ ਗਿਆ ਸੀ, ਹਾਲਾਂਕਿ ਇਸ ਵਿਚ ਵੱਖ-ਵੱਖ ਤਰ੍ਹਾਂ ਦੀਆਂ ਵਾਰ-ਵਾਰ ਹੋਣ ਵਾਲੀਆਂ ਦਿੱਕਤਾਂ ਸ਼ਾਮਿਲ ਹੁੰਦੀਆਂ ਹਨ, ਜਿਵੇਂ ਪੀੜ ਹੋਣੀ, ਤੋਰਾ-ਫੇਰਾ ਅਤੇ ਨਸ਼ੇ ਦੇ ਅਮਲ।


## ਅਪੰਗਤਾ ਦੀ ਸਥਿਤੀ (ਹਾਂ/ਨਹੀਂ) (Disability Status(Yes/No))




**HDSB ਸਟਾਫ਼ ਸਬੰਧੀ ਅਪੰਗਤਾ (ਹਾਂ/ਨਹੀਂ) (HDSB Staff Disability**

- ਨਹੀਂ - 27,844 ਉਤਰਦਾਤਾ (85%)
- ਪੱਕਾ ਨਹੀਂ - 2,918 ਉਤਰਦਾਤਾ (9%)
- ਹਾਂ - 2,056 ਉਤਰਦਾਤਾ (6%)

## ਅਪੰਗਤਾ ਦੀ ਕਿਸਮ (ਸਮੂਹ) (Disability Type(Groups))




**(HDSB Staff Disability Types (Groups))**

- ਇਕ ਤੋਂ ਵੱਧ ਅਪੰਗਤਾਵਾਂ - 266 ਉਤਰਦਾਤਾ (47%)
- ਮਾਨਸਿਕ ਸਿਹਤ ਸਬੰਧੀ ਅਪੰਗਤਾ(ਵਾਂ) - 102 ਉਤਰਦਾਤਾ (18%)
- ਸਿਖਣ ਸਬੰਧੀ ਅਸਮਰੱਥਾ(ਵਾਂ) - 71 ਉਤਰਦਾਤਾ (13%)
- ਸਰੀਰਕ ਅਪੰਗਤਾ(ਵਾਂ) - 34 ਉਤਰਦਾਤਾ (6%)
- ਬੋਲ਼ਾ ਜਾਂ ਉੱਚਾ ਸੁਣਨਾ - 31 ਉਤਰਦਾਤਾ (6%)
- ਪੀੜ - 23 ਉਤਰਦਾਤਾ (4%)
- ਵਾਧੂ ਅਪੰਗਤਾ(ਵਾਂ):(ਨਸ਼ੇ ਦੇ ਅਮਲ), ASD, ਵਿਕਾਸ ਸਬੰਧੀ ਅਪੰਗਤਾ(ਵਾਂ), ਬੋਲਚਾਲ ਸਬੰਧੀ ਵਿਗਾੜ) - 9 ਉਤਰਦਾਤਾ (2%)
- ਤੋਰਾ-ਫੇਰਾ - 12 ਉਤਰਦਾਤਾ (2%)
- ਨੇਤਰਹੀਣ ਜਾਂ ਘੱਟ ਦਿਸਣਾ - 13 ਉਤਰਦਾਤਾ (2%)